(4)

SED-EDU401/17/2024-5EDU4/I/1091424/2025 ਮਿਤੀ,ਚੰਡੀਗੜ੍ਹ: 06.05.2025

DySPD(C) 9/5/25

AM/MIS

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

ਹੁਕਮ

ਸਕੂਲ ਸਿੱਖਿਆ ਵਿਭਾਗ, ਪੰਜਾਬ ਵਿਖੇ ਕੰਮ ਕਰ ਰਹੇ ਪ੍ਰਿੰਸੀਪਲਾਂ/ਉਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤੀਆਂ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 13.02.2024 ਨੂੰ ਹੋਈ ਸੀ। ਵਿਭਾਗੀ ਤਰੱਕੀ ਕਮੇਟੀ ਵੱਲੋਂ ਕੀਤੀ ਗਈ ਸਿਫਾਰਸ਼ ਅਨੁਸਾਰ ਪ੍ਰਿੰਸੀਪਲਾਂ/ਉਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤ ਕਰਨ ਸਬੰਧੀ ਹੁਕਮ ਸਰਕਾਰ ਦੇ ਪੱਤਰ ਨੰ. SED-EDU401/72/2023-2EDU4/(Part-1)/49 ਮਿਤੀ 13.02.2024 ਰਾਹੀਂ ਜਾਰੀ ਕੀਤੇ ਗਏ ਸਨ। ਵਿਭਾਗੀ ਤਰੱਕੀ ਕਮੇਟੀ ਵੱਲੋਂ ਸ੍ਰੀਮਤੀ ਜੀਵਨ ਜੋਤੀ ਸੀਨੀਆਰਤਾ ਨੰਬਰ 1339 (ਜਨਰਲ) ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਪੈਂਡਿੰਗ ਹੋਣ ਕਾਰਨ ਉਸਦਾ ਕੇਸ ਸੀਲਡ ਕਵਰ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਗਈ ਸੀ।

2. ਹੁਣ ਸਰਕਾਰ ਦੇ ਹੁਕਮ ਨੰ SED-EDU404/45/2023-5EDU4/I/1064920/2025 ਮਿਤੀ 28.03.2025 ਰਾਹੀਂ ਸ੍ਰੀਮਤੀ ਜੀਵਨ ਜੋਤੀ, ਪ੍ਰਿੰਸੀਪਲ ਸਸਸਸ ਕਟੜਾ ਸਫੇਦ, ਜਿਲ੍ਹਾ ਅੰਮ੍ਰਿਤਸਰ ਵਿਰੁੱਧ ਜਾਰੀ ਕੀਤੀ ਦੋਸ਼ ਸੂਚੀ ਦਾਖਲ ਦਫਤਰ ਕੀਤੀ ਜਾ ਚੁੱਕੀ ਹੈ)। ਇਸ ਲਈ ਸ੍ਰੀਮਤੀ ਜੀਵਨ ਜੋਤੀ, ਪ੍ਰਿੰਸੀਪਲ ਸੀਨੀਆਰਤਾ ਨੰਬਰ 1339 (ਜਨਰਲ) ਦਾ ਸੀਲਡ ਕਵਰ ਦਾ ਸੀਲਡ ਕਵਰ ਖੋਲਦੇ ਹੋਏ ਉਸਨੂੰ ਆਪਣੀ ਸੀਨੀਆਰਤਾ Punjab Educational Service (School and Inspection Cadre) Group A ਲੈਵਲ 21 ਵਿੱਚ ਉਸ ਤੋਂ ਜੂਨੀਅਰ ਅਧਿਕਾਰੀਆਂ ਦੀ ਤਰੱਕੀ ਦੀ ਮਿਤੀ 13.02.2024 ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਕਟ ਪਦ ਉੱਨਤ ਕੀਤਾ ਜਾਂਦਾ ਹੈ। ਮਿਤੀ 13.02.2024 ਤੋਂ ਹਾਜਰ ਹੋਣ ਦੀ ਮਿਤੀ ਤੱਕ ਉਸ ਦੀ ਤਰੱਕੀ ਨੋਸ਼ਨਲ ਹੋਵੇਗੀ।

3. ਪਦ ਉੱਨਤੀ ਉਪਰੰਤ ਅਧਿਕਾਰਨ ਦੇ ਤੈਨਾਤੀ ਦੇ ਹੁਕਮ ਬਾਅਦ ਵਿੱਚ ਜਾਰੀ ਕੀਤੇ ਜਾਣਗੇ।

4. ਇਹ ਪਦ ਉਨਤੀਆਂ ਹੇਠ ਦਰਸਾਈਆਂ ਸ਼ਰਤਾਂ ਤੇ ਆਧਾਰਤ ਹੋਵੇਗੀ:-

(ੳ) ਮਾਨਯੋਗ ਕੋਰਟ ਵਿੱਚ ਸੀਨੀਆਰਤਾ ਸਬੰਧੀ ਜੇਕਰ ਕੋਈ ਰਿੱਟ ਪਟੀਸ਼ਨ ਲੰਬਿਤ ਹੋਵੇ, ਤਾਂ ਉਨ੍ਹਾਂ ਕੇਸਾਂ ਦਾ ਜੋ ਅੰਤਿਮ ਫੈਸਲਾ ਹੋਵੇਗਾ, ਉਹ ਇਸ ਪਦ ਉੱਨਤੀ ਤੇ ਲਾਗੂ ਹੋਵੇਗਾ।

(ਅ) ਇਹ ਪਦ ਉੱਨਤੀ ਬਿਲਕੁਲ ਆਰਜੀ ਹੋਵੇਗੀ।

O/o DGSE CUM SPD
Sarva Shiksha Abhiyan Authority (Pb.)
Central Dairy
No. 120024 2 Date 09/05/25

P.T.O.

(ੲ) ਅਧਿਕਾਰੀ ਦਾ ਪਰਖਕਾਲ ਹਾਜਰ ਹੋਣ ਦੀ ਮਿਤੀ ਤੋਂ ਇੱਕ ਸਾਲ ਦਾ ਹੋਵੇਗਾ।

(ਸ) ਇਨ੍ਹਾਂ ਹੁਕਮਾਂ ਦੇ ਸਨਮੁੱਖ ਅਧਿਕਾਰਨ ਵੱਲੋਂ ਆਪਣੀ ਹਾਜਰੀ ਰਿਪੋਰਟ ਮੁੱਖ ਦਫਤਰ, ਐਸ.ਏ.ਐਸ. ਨਗਰ ਵਿਖੇ ਉਕਤ ਹੁਕਮ ਜਾਰੀ ਹੋਣ ਦੀ ਮਿਤੀ ਤੋਂ ਇੱਕ ਹਫਤੇ (07 ਦਿਨਾਂ) ਦੇ ਅੰਦਰ ਅੰਦਰ ਪੇਸ਼ ਕੀਤੀ ਜਾਵੇਗੀ। ਮਿੱਥੇ ਸਮੇਂ ਵਿੱਚ ਅਧਿਕਾਰਨ ਵੱਲੋਂ ਆਪਣੀ ਹਾਜ਼ਰੀ ਰਿਪੋਰਟ ਪੇਸ਼ ਨਾ ਕਰਨ ਦੀ ਸੂਰਤ ਵਿੱਚ ਤਾਂ ਉਸ ਨੂੰ ਨਿਯਮਾਂ ਅਨੁਸਾਰ ਪੱਦ-ਉੱਨਤੀ ਦੇ ਹੱਕ ਤੋਂ 02 ਸਾਲ ਲਈ ਡੀ-ਬਾਰ ਕਰ ਦਿੱਤਾ ਜਾਵੇਗਾ।

(ਹ) ਜੇਕਰ ਭਵਿੱਖ ਵਿੱਚ ਅਧਿਕਾਰੀ ਵਿਰੁੱਧ ਚੱਲ ਰਹੀ ਵਿਭਾਗੀ ਜਾਂ ਕਾਨੂੰਨੀ ਕਾਰਵਾਈ ਬਾਰੇ ਕੇਸ ਧਿਆਨ ਵਿੱਚ ਆਉਂਦਾ ਹੈ, ਤਾਂ ਉਸ ਦੀ ਕੀਤੀ ਗਈ ਪਦ-ਉੱਨਤੀ ਨੂੰ ਮੁੜ ਵਿਚਾਰਿਆ ਜਾਵੇਗਾ।

5. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਅਨਿੰਦਿਤਾ ਮਿਤਰਾ, ਆਈ.ਏ.ਐਸ
ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹ:
24.04.2025

ਪਿ.ਅੰ.ਨੰ/ਉਕਤ

ਮਿਤੀ, ਚੰਡੀਗੜ੍ਹ: 06.05.2025

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, (ਏ.ਐਂਡ. ਈ) ਆਡਿਟ ਵਿੰਗ, ਪੰਜਾਬ, ਚੰਡੀਗੜ੍ਹ।
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤਾ ਜਾਵੇ।
4. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ/ਐਲੀਮੈਂਟਰੀ), ਪੰਜਾਬ।
5. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
6. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਅੰਮ੍ਰਿਤਸਰ (ਵੈਬਸਾਈਟ ਰਾਹੀਂ)
7. ਸਬੰਧਤ ਅਧਿਕਾਰੀ (ਵੈਬਸਾਈਟ ਰਾਹੀਂ)।

(ਰਾਜੇਸ਼ ਕੁਮਾਰ)
ਸੁਪਰਡੰਟ

ਅੰਦਰੂਨੀ ਵੰਡ:

1. ਨਿ.ਸਕੱਤਰ/ਸਿੱਖਿਆ ਮੰਤਰੀ
2. ਨਿ.ਸਕੱਤਰ/ਸਕੱਤਰ ਸਕੂਲ ਸਿੱਖਿਆ
3. ਨਿ.ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ